**ਵੈਕਸੀਨ ਜਾਣਕਾਰੀ ਬਿਆਨ** PUNJABI

# ਨਿਉਮੋਕੋਕਲ ਪੋਲੀਸੈਕਰਾਈਡ ਵੈਕਸੀਨ

## ਤੁਹਾਨੂੰ ਕੀ ਜਾਨਣ ਦੀ ਜਰੂਰਤ ਹੈ

ਕਈ ਟੀਕਾਕਰਨ ਜਾਣਕਾਰੀ ਬਿਆਨ ਪੰਜਾਬੀ ਅਤੇ ਹੋਰ ਭਾਸ਼ਾਵਾਂ ਵਿੱਚ ਉਪਲੱਬਧ ਹਨ। ਹੋਰ ਜਾਣਕਾਰੀ ਲਈ ਦੇਖੋ

www.immunize.org/vis

## ੧. ਵੈਕਸੀਨ ਕਿਉਂ ਲਗਵਾਉਣੀ ਜਰੂਰੀ ਹੈ ?

ਵੈਕਸੀਨੇਸ਼ਨ ਵੱਡੀ ਉਮਰ ਦੇ ਲੋਕਾਂ ਜਿਵੇਂ ਮੁੰਡੇ, ਕੁੜੀਆਂ, ਬੱਚਿਆਂ ਅਤੇ ਨੌਜਵਾਨਾਂ ਨੂੰ **ਨਿਉਮੋਕੋਕਲ ਬੀਮਾਰੀ** ਤੋਂ ਬਚਾਅ ਕੇ ਰਖਦੀ ਹੈ।ਨਿਉਮੋਕੋਕਲ ਬੀਮਾਰੀ ਇਕ ਜੀਵਾਣੂੰ (ਬੈਕਟੀਰੀਆ) ਤੋਂ ਹੁੰਦੀ ਹੈ। ਇਹ ਇੱਕ ਬੰਦੇ ਤੋਂ ਦੂਜੇ ਬੰਦੇ ਦੇ ਨਜਦੀਕੀ ਸੰਪਰਕ ਵਿੱਚ ਆਉਣ ਨਾਲ ਫੈਲਦੀ ਹੈ। ਇਸ ਬੀਮਾਰੀ ਨਾਲ ਕੰਨ ਦੀ ਲਾਗ (ਇੰਨਫੈਕਸਨ) ਹੋ ਸਕਦੀ ਹੈ। ਇਹ ਹੋਰ ਵੀ ਭਿਆਨਕ ਬਿਮਾਰੀਆਂ ਨੂੰ ਜਨਮ ਦਿੰਦੀ ਹੈ ਜਿਵੇਂ ਕਿ -

- ਫੇਫੜੇ (ਨਿਮੋਨੀਆ),
- ਖੂਨ (ਜੀਵਾਣੂੰ) ਅਤੇ
- ਦਿਮਾਗ ਅਤੇ ਰੀੜ ਦੀ ਹੱਡੀ ਦਾ ਢਕਣਾ (ਮੈਨਿਨਜਾਈਟਸ)। ਮੈਨਿਨਜਾਈਟਸ, ਬੋਲੇਪਣ ਅਤੇ ਦਿਮਾਗ ਨੂੰ ਨੁਕਸਾਨ ਪਹੁੰਚਾ ਸਕਦੀ ਹੈ, ਅਤੇ ਇਹ ਘਾਤਕ ਵੀ ਹੋ ਸਕਦੀ ਹੈ।

ਹਰ ਕਿਸੇ ਨੂੰ ਇਹ ਬੀਮਾਰੀ ਹੋ ਸਕਦੀ ਹੈ, ਪਰ ੨ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ, ੬੫ ਸਾਲ ਤੋਂ ਉਪਰ ਲੋਕਾਂ ਨੂੰ ਅਤੇ ਸਿਗਰਟ ਪੀਣ ਵਾਲੇ ਲੋਕਾਂ ਨੂੰ ਇਸ ਬੀਮਾਰੀ ਦਾ ਜਿਆਦਾ ਖਤਰਾ ਹੁੰਦਾ ਹੈ।

ਅਮਰੀਕਾ ਵਿੱਚ ਲਗਭਗ ੧੮ ਹਜਾਰ ਬਜੁਰਗਾਂ ਦੀ ਮੌਤ ਇਸ ਬਿਮਾਰੀ ਨਾਲ ਹੁੰਦੀ ਹੈ।

ਨਿਉਮੋਕੋਕਲ ਲਾਗ (ਇੰਨਫੈਕਸਨ) ਦੇ ਇਲਾਜ ਲਈ ਪੈਨੀਸਲੀਨ ਅਤੇ ਹੋਰ ਦਵਾਈਆਂ ਦੀ ਵਰਤੋਂ ਲਾਹੇਵੰਦ ਹੁੰਦੀ ਸੀ। ਪਰ ਇਸ ਬਿਮਾਰੀ ਦੇ ਕੁੱਝ ਕਣ ਇਹਨਾਂ ਦਵਾਈਆਂ ਦੇ ਨਾਲ ਰੋਧਕ ਹੋ ਜਾਂਦੇ ਹਨ। ਇਸੇ ਕਾਰਣ ਦਵਾਈਆਂ ਰਾਹੀਂ, ਇਸ ਬਿਮਾਰੀ ਤੋਂ ਬਚਣਾ ਹੋਰ ਵੀ ਜਰੂਰੀ ਹੋ ਜਾਂਦਾ ਹੈ।

## ੨. ਨਿਉਮੋਕੋਕਲ ਪੋਲੀਸੈਕਰਾਈਡ ਵੈਕਸੀਨ (PPSV23)

ਨਿਉਮੋਕੋਕਲ ਪੋਲੀਸੈਕਰਾਈਡ ਵੈਕਸੀਨ (PPSV23)੨੩ ਪ੍ਰਕਾਰ ਦੇ ਜੀਵਾਣੂੰਆਂ ਤੋਂ ਸੁਰੱਖਿਆ ਕਰਦਾ ਹੈ, ਪਰ ਇਹ ਸਾਰੀਆਂ ਨਿਉਮੋਕੋਕਲ ਬਿਮਾਰੀਆਂ ਨੂੰ ਨਹੀਂ ਰੋਕਦੀ।

ਕਿਹਨਾਂ ਨੂੰ PPSV23 ਦੀ ਸਿਫ਼ਾਰਿਸ਼ ਕੀਤੀ ਜਾਂਦੀ ਹੈ :

- ੬੫ ਸਾਲ ਅਤੇ ਓਸ ਤੋਂ ਵੱਧ ਉਮਰ ਦੇ ਸਾਰੇ ਬਾਲਗ,
- ਕੋਈ ਵੀ ੨ ਤੋਂ ੬੪ ਸਾਲ ਦੀ ਉਮਰ ਦੇ ਵਿਚਕਾਰ, ਜਿਹਨਾਂ ਨੂੰ ਹੋਰ ਵੀ ਕਈ ਲੰਮੇ ਸਮੇ ਤੋਂ ਸਿਹਤ ਸੰਬੰਧਿਤ ਸੱਮਿਸਿਆਵਾਂ ਹਨ,
- ਕੋਈ ਵੀ ੨ ਤੋਂ ੬੪ ਸਾਲ ਸਾਲ ਦੀ ਉਮਰ ਦੇ ਵਿਚਕਾਰ, ਜਿਹਨਾਂ ਦੀ ਸਰੀਰਕ ਪ੍ਰਣਾਲੀ ਕਮਜੋਰ ਹੋਵੇ,
- ੧੯ ਤੋਂ ੬੪ ਸਾਲ ਦੀ ਉਮਰ ਦੇ ਵਿਚਕਾਰ ਬਾਲਗ, ਜੋ ਸਿਗਰਟ ਪੀਂਦੇ ਹੋਣ ਜਾਂ ਦਮੇ ਦੀ ਬੀਮਾਰੀ ਤੋਂ ਪੀੜਤ ਹੋਣ।

ਜਿਆਦਾਤਰ ਲੋਕਾਂ ਨੂੰ ਸਿਰਫ ਇਕ PPSV ਖੁਰਾਕ ਦੀ ਲੋੜ ਹੁੰਦੀ ਹੈ। ਦੂਜੀ ਖੁਰਾਕ ਜਿਆਦਾ ਖਤਰਨਾਕ ਬਿਮਾਰੀ ਨਾਲ ਪੀੜਤ ਲੋਕਾਂ ਨੂੰ ਦੱਸੀ ਜਾਂਦੀ ਹੈ। ੬੫ ਸਾਲ ਅਤੇ ਵੱਧ ਉਮਰ ਦੇ ਲੋਕਾਂ ਨੂੰ ਇੱਕ ਖੁਰਾਕ ਲੈ ਲੈਣੀ ਚਾਹੀਦੀ ਹੈ, ਭਾਵੇਂ ਉਹਨਾਂ ਨੇ ੬੫ ਸਾਲ ਦੇ ਹੋਣ ਤੋਂ ਪਹਿਲਾਂ ਇੱਕ ਜਾਂ ਵੱਧ ਖੁਰਾਕ ਲੈ ਲਈ ਹੋਵੇ।

ਤੁਹਾਡੀ ਸਿਹਤ ਸੰਭਾਲ ਕਰਨ ਵਾਲੇ ਤੁਹਾਨੂੰ ਸਲਾਹ ਅਤੇ ਵਧੇਰੀ ਜਾਣਕਾਰੀ ਦੇ ਸਕਦੇ ਹਨ।



U.S. Department of Health and Human Services
Centers for Disease Control and Prevention

ਟੀਕਾ ਲਗਾਉਣ ਤੋਂ ਬਾਅਦ ਜਿਆਦਾਤਰ ਸਿਹਤਮੰਦ ਬਾਲਗ ਬਹੁਤ ਜਲਦੀ ੨ ਤੋਂ ੩ ਹਫਤਿਆਂ ਵਿੱਚ ਸੁਰੱਖਿਅਤ ਸੁਧਾਰ ਪ੍ਰਾਪਤ ਕਰ ਸਕਦੇ ਹਨ।

## ੩. ਕੁਝ ਲੋਕਾਂ ਨੂੰ ਇਹ ਵੈਕਸੀਨ ਨਹੀਂ ਲਗਵਾਉਣਾ ਚਾਹੀਦਾ

- ਜੇ ਕਿਸੇ ਨੂੰ ਵੀ PPSV ਤੋਂ ਜਾਨਲੇਵਾ ਖਤਰਾ ਹੋਇਆ ਹੋਵੇ ਤਾਂ ਉਸ ਵਿਅਕਤੀ ਨੂੰ ਦੂਜੀ ਖੁਰਾਕ ਨਹੀਂ ਲੈਣੀ ਚਾਹੀਦੀ।
- ਜੇ ਕਿਸੇ ਵਿਅਕਤੀ ਨੂੰ PPSV ਦੇ ਕਿਸੇ ਵੀ ਹਿੱਸੇ ਤੋਂ ਗੰਭੀਰ ਐਲਰਜੀ ਹੈ ਤਾਂ ਉਸ ਨੂੰ ਇਹ ਨਹੀਂ ਲੈਣੀ ਚਾਹੀਦੀ। ਆਪਣੇ ਡਾਕਟਰ ਨੂੰ ਗੰਭੀਰ ਐਲਰਜੀ ਬਾਰੇ ਦੱਸਣਾ ਚਾਹੀਦਾ ਹੈ।
- ਜੇ ਕੋਈ ਵਿਅਕਤੀ ਕੁਝ ਸਮੇਂ ਤੋਂ ਮਾਮੂਲੀ ਜਾਂ ਗੰਭੀਰ ਤੌਰ ਤੇ ਬਿਮਾਰ ਹੈ ਅਤੇ ਉਸਦਾ ਟੀਕਾ ਲਗਾਓਣ ਦਾ ਸਮਾਂ ਆ ਜਾਂਦਾ ਹੈ, ਤਾਂ ਉਸਨੂੰ ਠੀਕ ਹੋਣ ਤੱਕ ਉਡੀਕ ਕਰਨ ਲਈ ਕਹਿਣਾ ਚਾਹੀਦਾ ਹੈ।ਜੇਕਰ ਬਿਮਾਰੀ ਹਲਕੀ ਹੈ ਤਾਂ ਉਹ ਵਿਅਕਤੀ ਟੀਕਾ ਲਗਵਾ ਸਕਦਾ ਹੈ।
- ੨ ਸਾਲਾਂ ਤੋਂ ਘੱਟ ਉਮਰ ਦੇ ਬੱਚੇ ਇਹ ਵੈਕਸੀਨ ਨਹੀਂ ਲੈ ਸਕਦੇ।
- ਇਹ ਵੈਕਸੀਨ ਗਰਭਵਤੀ ਅਤੇ ਉਸਦੇ ਅਣਜੰਮੇ ਬੱਚੇ ਲਈ ਹਾਨੀਕਾਰਕ ਹੈ ਜਾਂ ਨਹੀਂ ਇਸਦਾ ਕੋਈ ਸਬੂਤ ਨਹੀਂ ਹੈ। ਪਰ ਆਪਣੇ ਬਚਾਵ ਲਈ ਜੇਕਰ ਹੋ ਸਕੇ ਤਾਂ ਇਹ ਵੈਕਸੀਨ ਗਰਭ ਧਾਰਣ ਕਰਨ ਤੋਂ ਪਹਿਲਾਂ ਲੈ ਲੈਣੀ ਚਾਹੀਦੀ ਹੈ।

## ੪. ਵੈਕਸੀਨ ਪ੍ਰਤੀਕ੍ਰਿਆ ਦਾ ਖਤਰਾ

ਵੈਕਸੀਨ ਸਮੇਤ ਕਿਸੇ ਵੀ ਦਵਾਈ ਦੇ ਬੁਰਾ ਅਸਰ ਹੋਣ ਦੀ ਸੰਭਾਵਨਾ ਹੁੰਦੀ ਹੈ। ਅਸਰ ਆਮ ਤੌਰ ਤੇ ਹਲਕੇ ਹੁੰਦੇ ਹਨ ਅਤੇ ਆਪਣੇ ਆਪ ਹੀ ਚਲੇ ਜਾਂਦੇ ਹਨ, ਪਰ ਗੰਭੀਰ ਪ੍ਰਤੀਕ੍ਰਿਆਵਾਂ ਵੀ ਸੰਭਵ ਹਨ।

PPSV ਲੈਣ ਵਾਲੇ ਲੋਕਾਂ ਵਿੱਚੋਂ ਅੱਧੇ ਲੋਕਾਂ ਨੂੰ ਬਹੁਤ ਹਲਕੇ ਅਸਰ ਹੁੰਦੇ ਹਨ, ਜਿਵੇਂ ਕਿ ਲਾਲੀਪਣ ਜਾਂ ਟੀਕਾ ਲਗਾਓਣ ਵਾਲੀ ਜਗਾ ਤੇ ਦਰਦ, ਜੋ ਕਿ ਲਗਭਗ ਦੋ ਦਿਨਾਂ ਦੇ ਅੰਦਰ ਠੀਕ ਹੋ ਜਾਂਦੇ ਹਨ।

੧00 ਵਿੱਚੋਂ ੧ ਤੋਂ ਵੀਂ ਘਟ ਲੋਕਾਂ ਨੂੰ ਬੁਖਾਰ, ਸਰੀਰ ਦਾ ਦੁਖਣਾ, ਜਾਂ ਹੋਰ ਗੰਭੀਰ ਸਥਾਨਕ ਪ੍ਰਤੀਕ੍ਰਿਆਵਾਂ ਹੋ ਸਕਦੀਆਂ ਹਨ।

**ਕਿਸੇ ਵੀ ਵੈਕਸੀਨ ਨਾਲ ਹੋਣ ਵਾਲੀਆਂ ਸਮੱਸਿਆਵਾਂ :**

- ਕਈ ਵਾਰ ਲੋਕ ਚਕਿਤਸਕ ਪ੍ਰਕਿਰਿਆ ਤੋਂ ਬਾਅਦ ਬੇਹੋਸ਼ ਹੋ ਜਾਂਦੇ ਹਨ ਜਿਸ ਵਿੱਚ ਟੀਕਾਕ੍ਰਨ ਵੀ ਸ਼ਾਮਲ ਹੈ।ਲਗਭਗ ੧੫ ਮਿੰਟ ਤੱਕ ਬਿਠਾ ਕੇ ਜਾਂ ਲਿਟਾਅ ਕੇ ਰੱਖਣ ਨਾਲ ਚੱਕਰ ਆਉਣ, ਅਤੇ ਡਿੱਗਣ ਨਾਲ ਕਿਸੇ ਵੀ ਤਰ੍ਹਾਂ ਦੀ ਸੱਟ ਲੱਗਣ ਤੋਂ ਬਚਾਇਆ ਜਾ ਸਕਦਾ ਹੈ। ਆਪਣੇ ਡਾਕਟਰ ਨੂੰ ਦੱਸੋ ਜੇ ਚੱਕਰ ਮਹਿਸੂਸ ਹੁੰਦੇ ਹੋਣ, ਜਾਂ ਅੱਖਾਂ ਦੀ ਨਜ਼ਰ ਵਿੱਚ ਬਦਲਾਵ ਆਵੇ, ਜਾਂ ਕੰਨਾਂ ਵਿਚ ਘੰਟਿਆਂ ਵੱਜਦੀਆਂ ਹੋਣ।
- ਕਈ ਲੋਕ ਮੋਢੇ ਵਿੱਚ ਤੇਜ ਦਰਦ ਮਹਿਸੂਸ ਕਰਦੇ ਹਨ ਅਤੇ ਉਹਨਾਂ ਨੂੰ ਉਹ ਬਾਂਹ ਨੂੰ ਹਿਲਾਉਣ ਵਿੱਚ ਤਕਲੀਫ ਹੁੰਦੀ ਹੈ, ਜ਼ਿਥੇ ਟੀਕਾ ਲੱਗਿਆ ਸੀ।ਇਹ ਬਹੁਤ ਘੱਟ ਲੋਕਾਂ ਨੂੰ ਹੁੰਦਾ ਹੈ।
- ਕਿਸੇ ਵੀ ਦਵਾਈ ਦਾ ਕਾਰਨ ਗੰਭੀਰ ਐਲਰਜੀ ਪ੍ਰਕਿਰਿਆ ਹੋ ਸਕਦੀ ਹੈ।ਵੈਕਸੀਨ ਦੁਆਰਾ ਇਹ ਪ੍ਰਕਿਰਿਆ ਬਹੁਤ ਘੱਟ ਹੁੰਦੀ ਹੈ, ਅਨਦਾਜੇ ਅਨੁਸਾਰ ੧0 ਲੱਖ ਖੁਰਾਕਾਂ ਵਿੱਚੋਂ ੧ ਸੰਭਵ ਹੈ। ਟੀਕਾਕਰਨ ਤੋਂ ਬਾਅਦ ਜੇ ਐਲਰਜੀ ਪ੍ਰਤੀਕਿਆ ਹੋਣੀ ਹੋਵੇ ਤਾਂ ਉਹ ਕੁਝ ਮਿੰਟਾਂ ਤੋਂ ਕੁਝ ਘੰਟਿਆਂ ਵਿੱਚ ਹੋ ਜਾਂਦੀਂ ਹੈ।

ਜਿਵੇਂ ਕਿਸੇ ਦਵਾਈ ਨਾਲ ਹੋ ਸਕਦਾ ਹੈ, ਟੀਕੇ ਨਾਲ ਕਿਸੇ ਦੀ ਮੌਤ ਜਾਂ ਕਿਸੇ ਨੂੰ ਗੰਭੀਰ ਹਾਨੀ ਹੋਣ ਦੇ ਡਰ ਦੇ ਆਸਾਰ ਬਹੁਤ ਘੱਟ ਹਨ।

ਵੈਕਸੀਨ ਦੀ ਸੁਰੱਖਿਆ ਲਈ ਪੂਰਾ ਧਿਆਨ ਦਿੱਤਾ ਜਾਂਦਾ ਹੈ। ਜਿਆਦਾ ਜਾਣਕਾਰੀ ਲਈ www.cdc.gov/vaccinesafety/ ਤੇ ਪੜਤਾਲ ਕਰੋ।

## ੫. ਜੇ ਕੋਈ ਗੰਭੀਰ ਪ੍ਰਤੀਕ੍ਰਿਆ ਹੁੰਦੀ ਹੈ ਤਾਂ ਕੀ ਹੁੰਦਾ ਹੈ।

**ਮੈਨੂੰ ਕੀ ਦੇਖਣਾ ਚਾਹੀਦਾ ਹੈ?**

ਆਪਣੇ ਨਾਲ ਸਬੰਧਿਤ ਕੋਈ ਵੀ ਅਜਿਹੇ ਕਾਰਨ ਦੇਖੋ ਜਿਸ ਨਾਲ ਤੁਹਾਨੂੰ ਪਤਾ ਲਗੇ, ਜਿਵੇਂ ਕਿ ਗੰਭੀਰ ਐਲਰਜੀ ਹੋਣ ਵਾਲੀ ਪ੍ਰਤੀਕ੍ਰਿਆ ਦੇ ਲੱਛਣ, ਬਹੁਤ ਤੇਜ ਬੁਖਾਰ , ਜਾਂ ਵਿਵਹਾਰ ਵਿੱਚ ਅਸਧਾਰਨ ਬਦਲਾਵ ਆਉਣਾ ।
ਗੰਭੀਰ ਐਲਰਜੀ ਦੀ ਪ੍ਰਤੀਕ੍ਰਿਆ ਦੇ ਲੱਛਣਾਂ ਵਿੱਚ ਸ਼ਾਮਿਲ ਹਨ, ਖਾਰਿਸ਼ ਹੋਣਾ, ਗਲੇ ਅਤੇ ਮੂੰਹ ਦਾ ਸੁਜਣਾਂ, ਸਾਹ ਲੈਣ ਵਿੱਚ ਮੁਸਕਿਲ ਆਉਣਾ, ਦਿਲ ਦੀ ਧੜਕਣ ਦਾ ਤੇਜ ਹੋਣਾ, ਚੱਕਰ ਆਉਣਾ, ਅਤੇ ਕਮਜੋਰੀ ਮਹਿਸੂਸ ਹੋਣਾਂ । ਇਹ ਮੁਸ਼ਕਿਲਾਂ ਟੀਕਾਕਰਨ ਤੋਂ ਬਾਅਦ ਕੁਝ ਮਿੰਟਾਂ ਤੋਂ ਲੈ ਕੇ ਕੁਝ ਘੰਟਿਆਂ ਤੱਕ ਹੋ ਸਕਦੀਆਂ ਹਨ ।

**ਮੈਨੂੰ ਕੀ ਕਰਨਾ ਚਾਹੀਦਾ ਹੈ?**

ਜੇਕਰ ਤੁਹਾਨੂੰ ਗੰਭੀਰ ਐਲਰਜੀ ਪ੍ਰਤੀਕ੍ਰਿਆ ਦੀ ਸਮੱਸਿਆਜਾਂ ਜਾਂ ਕੋਈ ਆਪਾਤਕਾਲੀਨ (ਐਮਰਜੈਂਸੀ ) ਲੱਗ ਰਹੀ ਹੈ, ਤਾਂ ਉਡੀਕ ਨਾ ਕਰੋ, ੯-੧-੧ ਤੇ ਕਾਲ ਕਰੋ । ਮਰੀਜ਼ ਨੂੰ ਨੇੜੇ ਦੇ ਹਸਪਤਾਲ ਵਿੱਚ ਲੈ ਕੇ ਜਾਓ ਜਾਂ ਡਾਕਟਰ ਨੂੰ ਸੰਪਰਕ ਕਰੋ ।

ਉਸ ਤੋਂ ਬਾਅਦ ਪ੍ਰਤੀਕ੍ਰਿਆ ਬਾਰੇ ਵੈਕਸੀਨ ਐਡਵਰਸ ਈਵੈਂਟ ਰਿਪੋਰਟਿੰਗ ਸਿਸਟਮ (VAERS) ਨੂੰ ਦੱਸੋ । ਤੁਹਾਡਾ ਡਾਕਟਰ ਇਸ ਦਰਖਾਸਤ ਨੂੰ ਦਰਜ਼ ਕਰ ਸਕਦਾ ਹੈ ਜਾਂ ਤੁਸੀਂ ਆਪ ਵੀ( VAERS ) ਦੀ ਵੈੱਬਸਾਇਟ www.vaers. hhs.gov, ਤੇ ਜਾ ਕੇ ਰਿਪੋਰਟ ਕਰ ਸਕਦੇ ਹੋ, ਜਾਂ ੧-੮੦੦-੮੨੨-੭੯੬੭ ਤੇ ਕਾਲ ਕਰ ਸਕਦੇ ਹੋ ।

VAERS ਡਾਕਟਰੀ ਸਲਾਹ ਨਹੀਂ ਦਿੰਦਾ ਹੈ ।

## ੬. ਮੈਂ ਹੋਰ ਜਾਣਕਾਰੀ ਕਿਵੇਂ ਹਾਸਿਲ ਕਰ ਸਕਦਾ ਜਾਂ ਸਕਦੀ ਹਾਂ ?

- ਆਪਣੇ ਡਾਕਟਰ ਨੂੰ ਪੁੱਛੋ, ਉਹ ਤੁਹਾਨੂੰ ਵੈਕਸੀਨ ਪੈਕੇਜ ਇਂਸਰਟ ਜਾਂ ਹੋਰ ਜਾਣਕਾਰੀ ਅਤੇ ਸੁਝਾਅ ਦੇ ਸਕਦੇ ਹਨ ।
- ਆਪਣੇ ਸਥਾਨਕ ਜਾਂ ਰਾਜ ਪੱਧਰੀ ਸਿਹਤ ਸੰਸਥਾਂ ਨੂੰ ਸੰਪਰਕ ਕਰੋ ।
- ਬਿਮਾਰੀ ਦੇ ਨਿਯੰਤਰਣ ਅਤੇ ਰੋਕਥਾਮ ਕੇਂਦਰ (CDC) ਨਾਲ ਸੰਪਰਕ ਕਰੋ ।

-ਸੰਪਰਕ ਕਰੋ ੧-੮੦੦-੨੩੨-੪੬੩੬ (1-800-CDC-INFO) ਅਤੇ

- CDC’s ਦੀ ਸਾਈਟ ਤੇ ਜਾਂਚ ਕਰੋ www.cdc.gov/vaccines

DCH-0468PU
AUTH: P. H. S., Act 42, Sect. 2126.

Vaccine Information Statement
PPSV Vaccine
04/24/2015
Punjabi
Office Use Only

Translation provided by Jaspreet Dhami, RN, BSN (Adventist Health and Rideout at Marysville, CA)